


# 'ਵਰਡਜ਼ਵਰਥ' ਸਦਨ ਦੇ ਮੁੰਡੇ ਅਤੇ ਸ਼ੇਕਸਪੀਅਰ ਦੀਆਂ ਕੁੜੀਆਂ ਨੇ ਅੰਤਰ ਸਦਨ ਬਾਸਕਿਟਬਾਲ ਮੁਕਾਬਲੇ ਵਿਚ ਮਾਰੀ ਬਾਜੀ

*ਜਲੰਧਰ-ਜ਼ਰੀਨਾ ਲੇਹਿਲ*

ਮੇਅਰ ਵਰਲਡ ਸਕੂਲ ਵਿਚ ਅੰਤਰ ਸਦਨੀ ਬਾਸਕਿਟ ਬਾਲ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਹ ਮੈਚ 29 ਅਪ੍ਰੈਲ ਨੂੰ ਕੁੜੀਆਂ (ਛੇਵੀਂ ਤੋਂ ਬਾਰ੍ਹਵੀਂ) ਅਤੇ ਮੁੰਡੇ (ਛੇਵੀਂ ਤੋਂ ਅੱਠਵੀਂ) ਤੱਕ ਕਰਵਾਏ ਗਏ। ਸਾਰੇ ਸਦਨਾਂ ਡਿਕਨਜ਼, ਕੀਟਸ, ਸ਼ੇਕਸਪੀਅਰ ਅਤੇ ਵਰਡਜ਼ਵਰਥ ਦੇ ਖਿਡਾਰੀਆਂ ਨੇ ਇਹਨਾਂ ਮੈਚਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਮੁੰਡਿਆਂ ਦੀ ਟੀਮ ਵਿਚੋਂ ਵਰਡਜ਼ਵਰਥ ਸਦਨ ਪਹਿਲੇ ਸਥਾਨ ਤੇ ਰਿਹਾ। ਡਿਕਨਜ਼ ਸਦਨ ਨੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਸ਼ੇਕਸਪੀਅਰ ਸਦਨ ਤੀਸਰੇ ਸਥਾਨ ਤੇ ਰਿਹਾ ਅਤੇ ਕੁੜੀਆਂ ਵਿਚੋਂ ਸ਼ੇਕਸਪੀਅਰ ਸਦਨ ਪਹਿਲੇ ਸਥਾਨ ਤੇ ਡਿਕਨਜ਼ ਦੂਸਰੇ ਅਤੇ ਕੀਟਸ ਸਦਨ ਤੀਸਰੇ ਸਥਾਨ ਤੇ ਰਿਹਾ। ਬੱਚਿਆਂ ਨੇ ਸਾਰੇ ਮੈਚਾਂ ਦਾ ਬਹੁਤ ਹੀ ਆਨੰਦ ਮਾਣਿਆ ਅਤੇ ਆਪਣੇ ਸਦਨਾਂ ਦੇ ਖਿਡਾਰੀਆਂ ਦੀ ਬਹੁਤ ਹੌਸਲਾ ਅਫ਼ਜ਼ਾਈ ਕੀਤੀ। ਸਰੀਰਕ ਸਿੱਖਿਆ ਦੇ ਮੁਖੀ ਸ੍ਰੀ ਮਤੀ ਕਲਵਿੰਦਰ ਕੌਰ ਨੇ ਆਪਣੀ ਟੀਮ ਨਾਲ ਸਾਰੇ ਮੈਚ ਖਿਡਾਏ ਅਤੇ ਖਿਡਾਰੀਆਂ ਦਾ ਉਤਸ਼ਾਹ ਵਧਾਇਆ। ਸਕੂਲ ਦੀ ਪ੍ਰਬੰਧਕ ਕਮੇਟੀ ਨੇ ਜੇਤੂਆਂ ਨੂੰ ਇਨਾਮ ਤੇ ਸਰਟੀਫ਼ਿਕੇਟ ਤਕਸੀਮ ਕੀਤੇ ਅਤੇ ਖਿਡਾਰੀਆਂ ਨੂੰ ਖੇਡਾਂ ਵਿਚ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।